ਦਫ਼ਤਰ ਡਾਇਰੈਕਟਰ ਰਾਜ ਸਿੱਖਿਆ ਖੋਜ ਅਤੇ ਸਿਖਲਾਈ ਪ੍ਰੀਸ਼ਦ, ਪੰਜਾਬ
ਬਲਾਕ-ਈ, ਛੇਵੀ ਮੰਜਿਲ, ਪੰਜਾਬ ਸਕੂਲ ਸਿੱਖਿਆ ਬੋਰਡ ਕੰਪ:,ਫੇਜ਼-8 **ਐਸ.ਏ.ਐਸ ਨਗਰ**, ਮੁਹਾਲੀ
ਫੋਨ ਨੰਬਰ: 0172-2212221, ਫੈਕਸ ਨੰ: 0172-2212793

**ਵੱਲ**

**ਸਮੂਹ ਜ਼ਿਲ੍ਹਾ ਸਿੱਖਿਆ ਅਫਸਰ (ਐ.ਸਿੱ.)**
**ਸਮੂਹ ਸਕੂਲ ਮੁੱਖੀ**
**ਪੰਜਾਬ।**

**ਮੀਮੋ ਨੰ:-** SCERT/PPPP/PRI/2020340224 **ਮਿਤੀ:-** 28.12-2020

**ਵਿਸ਼ਾ: ਪ੍ਰੀ-ਪ੍ਰਾਇਮਰੀ ਗ੍ਰਾਂਟ ਅਧੀਨ ਖਰੀਦੀ ਜਾਣ ਵਾਲੀ ਸਮੱਗਰੀ ਸਬੰਧੀ ਦਿਸ਼ਾ ਨਿਰਦੇਸ਼।**

**ਹਵਾਲਾ: ਇਸ ਦਫ਼ਤਰ ਦੇ ਪੱਤਰ ਨੰ SCERT/PPPP/PRI/2020289307 ਮਿਤੀ:- 17-11-2020, SCERT/PPPP/PRI/2020822378 ਮਿਤੀ:-10-12-2020 ਦੇ ਸਬੰਧ ਵਿੱਚ।**

1.0 ਉਪਰੋਕਤ ਵਿਸ਼ੇ ਵੱਲ ਧਿਆਨ ਦੇਣ ਦੀ ਖੇਚਲ ਕੀਤੀ ਜਾਵੇ ਜੀ।

2.0 ਆਪ ਜੀ ਨੂੰ ਪਤਾ ਹੀ ਹੈ ਕਿ ਪੰਜਾਬ ਸਰਕਾਰ ਦੀਆਂ ਹਦਾਇਤਾਂ ਅਨੁਸਾਰ ਰਾਜ ਦੇ ਸਮੂਹ ਪ੍ਰਾਇਮਰੀ ਸਕੂਲਾਂ ਅੰਦਰ ਪ੍ਰੀ-ਪ੍ਰਾਇਮਰੀ ਜਮਾਤਾਂ 14-11-2017 ਤੋਂ ਸ਼ੁਰੂ ਕੀਤੀਆਂ ਗਈਆਂ ਹਨ।ਪ੍ਰੀ-ਪ੍ਰਾਇਮਰੀ ਜਮਾਤਾਂ ਸ਼ੁਰੂ ਕਰਨ ਦਾ ਉਦੇਸ਼ ਤਿੰਨ ਤੋਂ ਛੇ ਸਾਲ ਦੇ ਬੱਚਿਆਂ ਨੂੰ ਪ੍ਰਾਇਮਰੀ ਸਿੱਖਿਆ ਗ੍ਰਹਿਣ ਕਰਨ ਲਈ ਤਿਆਰ ਕਰਨਾ ਅਤੇ ਉਹਨਾਂ ਦਾ ਸਰਵ-ਪੱਖੀ ਵਿਕਾਸ ਕਰਨਾ ਹੈ।

3.0 ਪ੍ਰੀ-ਪ੍ਰਾਇਮਰੀ ਜਮਾਤਾਂ ਲਈ ਹੈਲਥ ਅਤੇ ਹਾਈਜੀਨ ਲਈ ਪ੍ਰਤੀ ਸਕੂਲ 12000/- ਰੁਪਏ, ਮੈਟੀਰਿਅਲ ਬੱਕਟ ਪ੍ਰਤੀ ਸਕੂਲ 2900/- ਰੁਪਏ, ਟੀ.ਐਲ.ਐਮ. ਗ੍ਰਾਂਟ ਪ੍ਰਤੀ ਸਕੂਲ 2500/- ਰੁਪਏ, ਟੀ.ਐਲ.ਐਮ. (**fine Motor and Cognitive skills**) ਗ੍ਰਾਂਟ ਪ੍ਰਤੀ ਸਕੂਲ 220/- ਰੁਪਏ ਅਨੁਸਾਰ ਹਦਾਇਤਾਂ ਜਾਰੀ ਕੀਤੀਆਂ ਗਈਆਂ ਸਨ।

4.0 ਉਕਤ ਸਬੰਧੀ ਮਿਤੀ 23-12-2020 ਨੂੰ ਸਮੂਹ ਜ਼ਿਲ੍ਹਾ ਸਿੱਖਿਆ ਅਫਸਰ(ਐ.ਸਿੱ.), ਉਪ ਜ਼ਿਲ੍ਹਾ ਸਿੱਖਿਆ ਅਫਸਰ(ਐ.ਸਿ.), ਬਲਾਕ ਪ੍ਰਾਇਮਰੀ ਸਿੱਖਿਆ ਅਫਸਰ, ਜ਼ਿਲ੍ਹਾ ਕੋਆਰਡੀਨੇਟਰ, ਪੜ੍ਹੋ ਪੰਜਾਬ, ਪੜ੍ਹਾਓ ਪੰਜਾਬ, ਬਲਾਕ ਮਾਸਟਰ ਟ੍ਰੇਨਰ ਨਾਲ ਮੀਟਿੰਗ ਕੀਤੀ ਗਈ। ਇਸ ਮੀਟਿੰਗ ਵਿੱਚ ਅਧਿਕਾਰੀਆਂ ਵੱਲੋਂ ਦਿੱਤੇ ਸੁਝਾਵਾਂ ਦੇ ਮੱਦੇ ਨਜ਼ਰ ਹੇਠ ਅਨੁਸਾਰ ਦਿਸ਼ਾ ਨਿਰਦੇਸ਼ ਜਾਰੀ ਕੀਤੇ ਜਾਂਦੇ ਹਨ:

4.1 ਸਕੂਲ ਮੁਖੀਆਂ ਵੱਲੋਂ ਪ੍ਰੀ-ਪ੍ਰਾਇਮਰੀ ਗ੍ਰਾਂਟਾਂ ਅਧੀਨ ਜੋ ਖਰੀਦ ਕੀਤੀ ਜਾਣੀ ਹੈ, ਉਸ ਸਬੰਧੀ ਇਸ ਗੱਲ ਨੂੰ ਯਕੀਨੀ ਬਣਾਇਆ ਜਾਵੇ ਕਿ ਸਮਾਨ ਖਰੀਦਣ ਤੋਂ ਪਹਿਲਾਂ ਸਮਾਨ ਦੀ ਗੁਣਵੱਤਾ, ਕੀਮਤ ਦੇ ਪੱਖੋਂ ਤਸੱਲੀ ਕਰ ਲਈ ਜਾਵੇ।

4.2 ਸਕੂਲ ਮੁਖੀ ਯਕੀਨੀ ਬਣਾਉਣ ਕਿ ਬਿਨਾ ਕਿਸੇ ਪੱਕੇ ਪਤੇ ਵਾਲੀ ਫਰਮ ਤੋਂ ਸਮਾਨ ਨਾ ਖਰੀਦਿਆ ਜਾਵੇ।

4.3 ਸਮਾਨ ਨੂੰ ਖਰੀਦਣ ਸਮੇਂ ਉਸ ਦੀ ਗੁਣਵੱਤਾ ਅਤੇ ਕੀਮਤ ਨੂੰ ਸਮਾਨ ਨਾਲ ਸਬੰਧਤ ਦੁਕਾਨਾਂ ਤੋਂ ਪੜਤਾਲ ਕਰ ਲਈ ਜਾਵੇ।

4.4 ਜੇਕਰ ਕੋਈ ਫਰਮ ਕਿਸੇ ਸਕੂਲ ਮੁਖੀ ਨੂੰ ਫੋਨ ਕਰਕੇ ਸਮਾਨ ਸਕੂਲ ਅੰਦਰ ਭੇਜਣ ਦੀ ਗੱਲ ਕਰਦਾ ਹੈ ਤਾਂ ਸਕੂਲ ਮੁਖੀ ਉਸ ਫਰਮ ਦੀ ਪਹਿਲਾਂ ਪੜਤਾਲ ਕਰੇ।ਜੇਕਰ ਉਹ ਫਰਮ ਸਬੰਧਤ ਸਮਾਨ ਦੀ ਨਹੀਂ ਹੈ ਤਾਂ ਤੁਰੰਤ ਜ਼ਿਲ੍ਹੇ ਦੇ ਉੱਚ ਅਧਿਕਾਰੀਆਂ ਨੂੰ ਰਿਪੋਰਟ ਕੀਤੀ ਜਾਵੇ।

4.5 ਜੇਕਰ ਕੋਈ ਫਰਮ ਬਿਨਾਂ ਨਾਂ ਅਤੇ ਪੱਕੇ ਪਤੇ ਤੋਂ ਸਮਾਨ ਸਪਲਾਈ ਕਰਦੀ ਹੈ ਤਾਂ ਸਬੰਧਤ ਜ਼ਿਲ੍ਹੇ ਦੇ ਜ਼ਿਲ੍ਹਾ ਸਿੱਖਿਆ ਅਫਸਰ(ਐ.ਸਿੱ.) ਉਸ ਫਰਮ ਨੂੰ ਤੁਰੰਤ ਬਲੈਕ ਲਿਸਟ ਕਰਨ।

4.6 ਸਕੂਲ ਮੁਖੀ ਇਹ ਸੁਨਿਸ਼ਚਿਤ ਕਰਨਗੇ ਕਿ ਪ੍ਰੀ-ਪ੍ਰਾਇਮਰੀ ਦੀ ਗ੍ਰਾਂਟ ਅਧੀਨ ਖਰੀਦਿਆ ਜਾਣ ਵਾਲਾ ਸਮਾਨ ਸਕੂਲ ਪੱਧਰ ਤੇ ਹੀ ਖਰੀਦਿਆ ਜਾਵੇ।ਇੱਥੇ ਇਹ ਵੀ ਸਪੱਸ਼ਟ ਕੀਤਾ ਜਾਂਦਾ ਹੈ ਕਿ ਪ੍ਰੀ-ਪ੍ਰਾਇਮਰੀ ਦੀ ਗ੍ਰਾਂਟ ਸੈਂਟਰ, ਬਲਾਕ ਜਾਂ ਜ਼ਿਲ੍ਹਾ ਪੱਧਰ ਤੇ ਖਰੀਦ ਕਰਨ ਦੀ ਆਗਿਆ ਨਹੀਂ ਹੋਵੇਗੀ।

4.7 ਸਮੂਹ ਜ਼ਿਲ੍ਹਾ ਸਿੱਖਿਆ ਅਫਸਰ(ਐ.ਸਿੱ.) ਆਪਣੇ ਜ਼ਿਲ੍ਹੇ ਵਿੱਚ ਉੱਪ ਜ਼ਿਲ੍ਹਾ ਸਿੱਖਿਆ ਅਫਸਰ(ਐ.ਸਿੱ.) ਦੀ ਪ੍ਰਧਾਨਗੀ ਹੇਠ ਇਨਫੋਰਸਮੈਂਟ ਟੀਮ ਦਾ ਗਠਨ ਕਰਨ।ਇਸ ਟੀਮ ਵਿੱਚ ਜ਼ਿਲ੍ਹੇ ਦੇ ਦੋ ਬੀ.ਪੀ.ਈ.ਓ ਵੀ ਸ਼ਾਮਿਲ ਕੀਤੇ ਜਾਣ।

ਨ. 28/12/20

4.8 ਸਬੰਧਤ ਜ਼ਿਲ੍ਹੇ ਦੀ ਇਨਫੋਰਸਮੈਂਟ ਟੀਮ ਵੱਲੋਂ ਇਹ ਯਕੀਨੀ ਬਣਾਇਆ ਜਾਵੇਗਾ ਕਿ ਵਿਭਾਗ ਵੱਲੋਂ ਪ੍ਰੀ-ਪ੍ਰਾਇਮਰੀ ਦੀਆਂ ਗ੍ਰਾਂਟਾਂ ਖਰਚ ਕਰਨ ਸਬੰਧੀ ਜੋ ਹਦਾਇਤਾਂ ਜਾਰੀ ਕੀਤੀਆਂ ਗਈਆਂ ਸਨ, ਕੇਵਲ ਉਹਨਾਂ ਅਨੁਸਾਰ ਹੀ ਸਮਾਨ ਦੀ ਖਰੀਦ ਕੀਤੀ ਗਈ ਹੈ। ਜੇਕਰ ਕੋਈ ਊਣਤਾਈ ਪਾਈ ਜਾਂਦੀ ਹੈ ਤਾਂ ਇਸ ਸਬੰਧੀ ਤੁਰੰਤ ਉੱਚ ਅਧਿਕਾਰੀਆਂ ਦੇ ਨੋਟਿਸ ਵਿੱਚ ਲਿਆਂਦਾ ਜਾਵੇ।

4.9 ਸਕੂਲ ਮੁੱਖੀ ਇਸ ਗ੍ਰਾਂਟ ਨੂੰ ਵਿੱਤੀ ਅਤੇ ਪ੍ਰਕਿਉਰਮੈਂਟ ਦੇ ਨਿਯਮਾਂ ਅਨੁਸਾਰ ਸਕੂਲ ਮੈਨੇਜਮੈਂਟ ਕਮੇਟੀ ਦਾ ਮਤਾ ਪਾਉਣ ਉਪਰੰਤ ਹੀ ਖਰਚ ਕਰਨਾ ਯਕੀਨੀ ਬਣਾਉਣਗੇ।

5.0 ਸਕੂਲਾਂ ਵੱਲੋਂ ਉਕਤ ਗ੍ਰਾਂਟਾਂ ਖਰਚ ਕਰਕੇ ਵਰਤੋਂ ਸਰਟੀਫਿਕੇਟ ਭੇਜਣ ਦੀ ਮਿਤੀ 15-01-2021 ਤੱਕ ਵਧਾਈ ਜਾਂਦੀ ਹੈ।

6.0 ਹੁਕਮਾਂ ਦੀ ਇੰਨ-ਬਿੰਨ ਪਾਲਣਾ ਕੀਤੀ ਜਾਵੇ।

**ਡਾਇਰੈਕਟਰ ਐੱਸ.ਸੀ.ਈ.ਆਰ.ਟੀ.**
**ਪੰਜਾਬ**

**ਪਿੱਠ ਅੰਕਣ ਨੰ:** **ਮਿਤੀ:**

**ਉਪਰੋਕਤ ਦਾ ਉਤਾਰਾ ਹੇਠ ਲਿਖਿਆਂ ਨੂੰ ਸੂਚਨਾ ਅਤੇ ਯੋਗ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ:1.**

**1. ਪੀ.ਏ ਟੂ ਸਕੱਤਰ, ਸਕੂਲ ਸਿੱਖਿਆ, ਪੰਜਾਬ**
**2. ਪੀ.ਏ ਟੂ ਡੀ.ਜੀ.ਐੱਸ.ਈ., ਪੰਜਾਬ**
**3. ਡੀ.ਪੀ.ਆਈ. (ਐ.ਸਿ), ਪੰਜਾਬ**

**ਡਾਇਰੈਕਟਰ ਐੱਸ.ਸੀ.ਈ.ਆਰ.ਟੀ.**
**ਪੰਜਾਬ**